بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.05.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਮਨਭਾਉਂਦਾ ਤੇ ਦਿਲਖਿਚੱਵਾਂ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 03 ਮਈ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਬਦਰੀ ਸਹਾਬਾ ਦਾ ਮੈਂ ਵਰਨਣ ਕਰਾਂਗਾ ਉਹਨਾਂ ਵਿੱਚੋਂ ਪਹਿਲਾ ਨਾਂ ਹਜ਼ਰਤ ਉਬੈਦ ਬਿਨ ਅਬੂ ਉਬੈਦ ਅੰਸਾਰੀ ਹੈ । ਹਜ਼ਰਤ ਉਬੈਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਬਦਰ, ਉਹਦ ਅਤੇ ਖ਼ੰਦਕ ਦੀ ਜੰਗਾ ਵਿੱਚ ਸ਼ਾਮਲ ਹੋਏ ਸਨ ।

ਦੂਜੇ ਸਹਾਬੀ ਹਜ਼ਰਤ ਅਬਦੁਲੱਾਹ ਬਿਨ ਨੁਮਾਨ ਬਿਨ ਬਲਦਮਹ ਹਨ । ਹਜ਼ਰਤ ਅਬਦੁਲੱਾਹ ਦੇ ਦਾਦੇ ਦਾ ਨਾਂ ਬਲਦਮਹ ਜਾਂ ਬਲਜ਼ਮਹ ਵੀ ਵਰਨਣ ਕੀਤਾ ਜਾਂਦਾ ਹੈ । ਹਜ਼ਰਤ ਅਬਦੁਲੱਾਹ ਬਿਨ ਨੁਮਾਨ ਦਾ ਸੰਬੰਧ ਅੰਸਾਰ ਨਾਲ ਸੀ । ਆਪ ਹਜ਼ਰਤ ਅਬੂ ਕਤਾਦਹ ਦੇ ਚਾਚੇ ਵੱਲੋਂ ਭਰਾ ਸਨ । ਆਪ ਨੂੰ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਅਬਦੁਲੱਾਹ ਬਿਨ ਉਮੈਰ ਹੈ । ਹਜ਼ਰਤ ਅਬਦੁਲੱਾਹ ਬਿਨ ਉਮੈਰ ਦਾ ਸੰਬੰਧ ਕਬੀਲਾ ਬਨੂ ਜਦਾਰਹ ਨਾਲ ਸੀ । ਆਪ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਉਮੱਰੋ ਬਿਨ ਹਾਰਸ ਹੈ । ਹਜ਼ਰਤ ਉਮੱਰੋ ਦਾ ਸੰਬੰਧ ਕਬੀਲਾ ਬਨੂ ਹਾਰਸ ਨਾਲ ਸੀ । ਆਪ ਹਜ਼ਰਤ ਉਮੱਰੋ ਨੇ ਅਰੰਭ ਵਿੱਚ ਮੱਕੇ ਵਿੱਚ ਹੀ ਇਸਲਾਮ ਕੁਬੂਲ ਕਰ ਲਿਆ ਸੀ । ਆਪ ਹਬਸ਼ੇ ਦੀ ਦੂਜੀ ਹਿਜਰਤ ਵਿੱਚ ਸ਼ਾਮਲ ਸਨ । ਆਪ ਨੂੰ ਬਦਰ ਦੀ ਜੰਗ ਵਿੱਚ ਭਾਗ ਲੈਣ ਦਾ ਸੁਭਾਗ ਪ੍ਰਾਪਤ ਹੋਇਆ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਅਬਦੁਲੱਾਹ ਬਿਨ ਕਾਅਬ ਹੈ ਹਜ਼ਰਤ ਅਬਦੁਲੱਾਹ ਬਿਨ ਕਾਅਬ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਆਪ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਬਦਰ ਦੀ ਜੰਗ ਵਾਲੇ ਦਿਨ ਮਾਲੇ ਗ਼ਨੀਮਤ ਉਪੱਰ ਨਿਗਰਾਨ ਨਿਯੁਕਤ ਕੀਤਾ ਸੀ । ਇਸ ਤੋਂ ਬਿਨਾ ਹੋਰਨਾ

ਮੌਕਿਆ ਉਪੱਰ ਵੀ ਆਪ ਨੂੰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਧੰਨ ਉਪੱਰ ਨਿਗਰਾਨ ਬਣਨ ਦਾ ਸੁਭਾਗ ਪ੍ਰਾਪਤ ਹੋਇਆ । ਆਪ ਉਹਦ, ਖ਼ੰਦਕ ਅਤੇ ਹੋਰਨਾ ਸਾਰੀਆਂ ਜੰਗਾ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਆਪ ਦੀ ਵਫ਼ਾਤ ਮਦੀਨੇ ਵਿੱਚ ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ 33 ਹਿਜਰੀ ਵਿੱਚ ਹੋਈ ਅਤੇ ਆਪ ਦੀ ਨਮਾਜ਼ ਜਨਾਜ਼ਾਹ ਹਜ਼ਰਤ ਉਸਮਾਨ ਨੇ ਪੜ੍ਹਾਈ । ਆਪ ਦੀ ਗੋਤ ਅਬੂ ਹਾਰਸ ਤੋਂ ਬਿਨਾ ਅਬੂ ਯਹਯਾ ਵੀ ਵਰਨਣ ਕੀਤੀ ਜਾਂਦੀ ਹੈ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਅਦੁਲੱਾਹ ਬਿਨ ਕੈਸ ਹੈ । ਆਪ ਕਬੀਲਾ ਬਨੂ ਨਜਾਰ ਵਿੱਚੋਂ ਸਨ । ਹਜ਼ਰਤ ਅਬਦੁਲੱਾਹ ਬਿਨ ਕੈਸ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਇਕ ਕਥਨ ਅਨੁਸਾਰ ਆਪ ਉਹਦੀ ਦੀ ਜੰਗ ਵਿੱਚ ਸ਼ਹੀਦ ਹੋਏ ਸਨ ਜੱਦਕਿ ਦੂਜੇ ਕਥਨ ਅਨੁਸਾਰ ਆਪ ਉਹਦ ਦੀ ਜੰਗ ਵਿੱਚ ਸ਼ਹੀਦ ਨਹੀਂ ਹੋਏ ਸਗੋਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਾਰੀਆਂ ਜੰਗਾਂ ਵਿੱਚ ਸ਼ਾਮਲ ਹੋਏ ਅਤੇ ਆਪ ਨੇ ਹਜ਼ਰਤ ਉਸਮਾਨ ਦੇ ਖ਼ਿਲਾਫ਼ਤ ਕਾਲ ਵਿੱਚ ਵਫ਼ਾਤ ਪਾਈ । ਹਜ਼ੂਰ ਅਨਵਰ ਨੇ ਫ਼ਰਮਾਇਆ ਕਈ ਥਾਈਂ ਮਤਿਭੇਦ ਹੋ ਜਾਂਦਾ ਹੈ ਇਤਿਹਾਸ ਦੀ ਕਿਤਾਬ ਮੈਂ ਇਸ ਲਈ ਵਰਨਣ ਕਰ ਦਿੰਦਾ ਹਾਂ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਸਲਮਾ ਬਿਨ ਅਸਲਮ ਹੈ । ਬਦਰ, ਉਹਦ, ਖ਼ੰਦਕ ਅਤੇ ਸਾਰੀਆਂ ਜੰਗਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਆਪ ਨੇ ਬਦਰ ਦੀ ਜੰਗ ਵਿੱਚ ਸਾਇਬ ਬਿਨ ਉਬੈਦ ਅਤੇ ਨੁਮਾਨ ਬਿਨ ਉਮੱਰੋ ਨੂੰ ਕੈਦ ਕੀਤਾ ਸੀ । ਹਜ਼ਰਤ ਸਲਮਾ ਬਿਨ ਅਸਲਮ ਹਜ਼ਰਤ ਉਮਰ ਦੇ ਖ਼ਿਲਾਫ਼ਤ ਕਾਲ ਵਿੱਚ ਜਸਰ ਦੀ ਜੰਗ ਵਿੱਚ ਸ਼ਹੀਦ ਹੋਏ ਸਨ ਜੋ ਫ਼ਰਾਤ ਦਰਿਆ ਦੇ ਕੰਢੇ ਲੜੀ ਗਈ ਸੀ । ਵਫ਼ਾਤ ਸਮੇਂ ਆਪ ਦੀ ਉਮਰ 38 ਸਾਲ ਬਿਆਨ ਕੀਤੀ ਜਾਂਦੀ ਹੈ । ਅਲੱਾਮਾ ਨੂਰਦੀਨ ਹਲਬੀ ਦੀ ਪ੍ਰਸਿੱਧ ਕਿਤਾਬ ਸੀਰਤ ਹਲਬੀਆ ਵਿੱਚ ਬਦਰ ਦੀ ਜੰਗ ਮੌਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਚਮਤਕਾਰਾਂ ਬਾਰੇ ਬਿਆਨ ਹੈ ਕਿ ਬਦਰ ਦੀ ਜੰਗ ਵਿੱਚ ਹਜ਼ਰਤ ਸਲਮਾ ਬਿਨ ਅਸਲਮ ਦੀ ਤਲਵਾਰ ਟੁੱਟ ਗਈ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ ਖਜੂਰ ਦੀ ਇਕ ਛੜੀ ਦਿੰਦਿਆਂ ਹੋਇਆਂ ਫ਼ਰਮਾਇਆ ਕਿ ਇਸ ਨਾਲ ਲੜਾਈ ਕਰੋ । ਹਜ਼ਰਤ ਸਲਮਾ ਬਿਨ ਅਸਲਮ ਨੇ ਜਿਵੇਂ ਹੀ ਉਸ ਛੜੀ ਨੂੰ ਹੱਥ ਵਿੱਚ ਲਿਆ ਤਾਂ ਉਹ ਇਕ ਚੰਗੀ ਤਲਵਾਰ ਬਣ ਗਈ ਅਤੇ ਉਹ ਬਾਦ ਵਿੱਚ ਹਮੇਸ਼ਾ ਆਪ ਦੇ ਕੋਲ ਰਹੀ ।

ਮੱਕੇ ਦੇ ਕਫ਼ੱਾਰ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਕਤਲ ਲਈ ਇਕ ਸ਼ਾਜ਼ਸ਼ ਰਚੀ ਸੀ ਇਸ ਬਾਰੇ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ ਅਹਜ਼ਾਬ ਦੀ ਜੰਗ ਵਿੱਚ ਜ਼ਿਲੱਤ ਭਰੀ ਹਾਰ ਤੇ ਅਸਫ਼ਲਤਾ ਦੀ ਯਾਦ ਨੇ ਮੱਕੇ ਦੇ ਕੁਰੈਸ਼ ਦੇ ਤਨ ਮਨ ਵਿੱਚ ਅੱਗ ਲਾ ਰੱਖੀ ਸੀ ਅਤੇ ਸੁਭਾਵਕ ਹੀ ਇਹ ਮਨ ਦੀ ਅੱਗ ਬਹੁਤੀ ਅਬੂ ਸੁਫ਼ਯਾਨ ਦੇ ਹਿੱਸੇ ਵਿੱਚ ਆਈ ਸੀ ਜੋ ਮੱਕੇ ਦਾ ਰਈਸ ਸੀ ਅਤੇ ਅਹਜ਼ਾਬ ਦੀ ਮੁਹਿਮ ਵਿੱਚ ਵਿਸ਼ੇਸ਼ ਰੂਪ ਵਿੱਚ ਜ਼ਿਲੱਤ ਦੀ ਮਾਰ ਖਾ ਚੁਕਾ ਸੀ । ਕੁਝ ਸਮੇਂ ਤੱਕ ਅਬੂਸੁਫ਼ਯਾਨ ਇਸ ਅੱਗ ਵਿੱਚ ਅੰਦਰ ਹੀ ਅੰਦਰ ਸੜਦਾ ਰਿਹਾ, ਪਰ ਅਖੀਰ ਮਾਮਾਲਾ ਉਸਦੀ ਸਹਿਨ ਸ਼ਕਤੀ ਤੋਂ ਬਾਹਰ ਨਿਕਲ ਗਿਆ ਅਤੇ ਉਸ ਦੀ ਇਸ ਅੱਗ ਦੇ ਇਹ ਗੁਪਤ ਅੰਗਿਆੜੇ ਬਾਹਰ ਆਉਣੇ ਸ਼ੁਰੂ ਹੋਏ । ਇਕ ਦਿਨ ਮੌਕਾ ਪਾਕੇ ਅਬੂ ਸੁਫ਼ਯਾਨ ਨੇ ਆਪਣੇ ਮਤਲਬ ਦੇ ਕੁਝ ਕੁਰੈਸ਼ੀ ਗਭਰੂਆਂ ਨੂੰ ਕਿਹਾ ਕਿ ਕੀ ਤੁਹਾਡੇ ਵਿੱਚ ਕੋਈ ਅਜਿਹਾ ਗਭਰੂ ਨਹੀਂ ਜੋ ਮਦੀਨੇ ਗੁਪਤ ਰੂਪ ਵਿੱਚ ਜਾਕੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਕੰਮ ਤਮਾਮ (ਖ਼ਤਮ) ਕਰ ਦੇਵੇ ? ਤੁਸੀਂ ਜਾਣਦੇ ਹੋ ਕਿ ਮੁਹਮੱਦ ਖੁੱਲੇ ਤੌਰ'ਤੇ ਮਦੀਨੇ ਦੀਆਂ ਖੁੱਲੀਆਂ ਗਲੀਆਂ ਵਿੱਚ ਫਿਰਦਾ ਹੈ । ਇਹਨਾ ਨੌਜੁਆਨ ਗਭਰੂਆਂ ਨੇ ਇਸ ਵਿਚਾਰ ਨੂੰ ਸੁਣਿਆ ਤੇ ਲੈ ਉੱਡੇ । ਹੁਣੇ ਬਹੁਤੇ ਦਿਨ ਨਹੀਂ ਬੀਤੇ ਸਨ ਕਿ ਇਕ ਬਦਵੀ ਗਭਰੂ ਅਬੂ ਸੁਫ਼ਯਾਨ ਕੋਲ ਆਇਆ ਅਤੇ ਕਹਿਣ ਲਗੱਾ ਮੈਂ ਆਪ ਦੀ ਵਿਉਂਤ ਸੁਣੀ ਹੈ ਅਤੇ ਮੈਂ ਇਸ ਕੰਮ ਲਈ ਹਾਜ਼ਰ ਹਾਂ । ਮੈਂ ਇਕ ਮਜ਼ਬੂਤ ਦਿਲ

ਵਾਲਾ ਅਤੇ ਪਕੱਾ ਮਨੁੱਖ ਹਾਂ, ਜਿਸ ਦੀ ਪਕੜ ਮਜ਼ਬੂਤ ਤੇ ਅਚਨਚੇਤ ਹਮਲਾ ਹੁੰਦਾ ਹੈ । ਜੇਕਰ ਤੁਸੀਂ ਮੈਂਨੂੰ ਇਸ ਕੰਮ ਲਈ ਨਿਯੁਕਤ ਕਰਕੇ ਮੇਰੀ ਮਦਦ ਕਰਨ ਤਾਂ ਮੈਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਕਤਲ ਕਰਨ ਦੇ ਉਦੇਸ਼ ਨਾਲ ਜਾਣ ਲਈ ਤਿਆਰ ਹਾਂ ਅਤੇ ਮੈਂ ਮਦੀਨੇ ਦੇ ਰਸਤਿਆਂ ਦਾ ਵੀ ਚੰਗਾ ਵਾਕਫ਼ ਹਾਂ । ਅਬੂ ਸੁਫ਼ਯਾਨ ਬਹੁਤ ਖ਼ੁਸ਼ ਹੋਇਆ ਅਤੇ ਕਿਹਾ ਬਸ ਬਸ ਸਾਡੇ ਮਤਲਬ ਦੇ ਵਿਅਕਤੀ ਤੁਸੀਂ ਹੋ । ਇਸ ਦੇ ਬਾਦ ਅਬੂ ਸੁਫ਼ਯਾਨ ਨੇ ਉਸ ਨੂੰ ਇਕ ਤੇਜ਼ ਦੌੜਨ ਵਾਲੀ ਉਠਨੀ ਅਤੇ ਰਸਤੇ ਦਾ ਖ਼ਰਚਾ ਦਿਤੱਾ ਅਤੇ ਰਵਾਨਾ ਕੀਤਾ ਅਤੇ ਤਕੀਦ ਕੀਤੀ ਕਿ ਇਸ ਰਾਜ਼ ਨੂੰ ਕਿਸੇ ਉਪੱਰ ਪ੍ਰਕਟ ਨ ਹੋਣ ਦੇਣਾ ।

ਮੱਕੇ ਤੋਂ ਚੱਲਕੇ ਇਹ ਵਿਅਕਤੀ ਦਿਨ ਸਮੇਂ ਲੁਕਿਆ ਰਹਿੰਦਾ ਅਤੇ ਰਾਤ ਨੂੰ ਸਫ਼ਰ ਕਰਦਾ ਹੋਇਆਂ ਮਦੀਨੇ ਵੱਲ ਵੱਲ ਤੁਰਿਆ । ਛੇਵੇਂ ਦਿਨ ਮਦੀਨੇ ਪਹੁੰਚ ਗਿਆ ਅਤੇ ਆਂਹਜ਼ਤਰ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਪਤਾ ਲੈਂਦਿਆਂ ਹੋਇਆਂ ਸਿਧੱਾ ਕਬੀਲਾ ਬਨੀ ਅਬਦੁਲ ਅਸ਼ਹਲ ਦੀ ਮਸਜਿਦ ਵਿੱਚ ਪਹੁੰਚਿਆ ਜਿੱਥੇ ਆਪ ਸਲਲੱਾਹੁ ਅਲੈਹਿ ਵਸਲਮ ਉਸ ਸਮੇਂ ਮੌਜੂਦ ਸਨ । ਜਿਵੇਂ ਹੀ ਇਹ ਵਿਅਕਤੀ ਮਸਜਿਦ ਵਿੱਚ ਦਾਖ਼ਲ ਹੋਇਆ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਵੱਲ ਆਉਂਦਿਆਂ ਦੇਖਿਆ ਤਾਂ ਆਪਨੇ ਫ਼ਰਮਾਇਆ ਕਿ ਇਹ ਵਿਅਕਤੀ ਕਿਸੇ ਭੈੜੀ ਨੀਯਤ ਨਾਲ ਆਇਆ ਹੈ । ਇਹ ਸ਼ਬਦ ਸੁਣਕੇ ਉਹ ਹੋਰ ਵੀ ਤੇਜ਼ੀ ਨਾਲ ਆਪ ਵੱਲ ਵੱਧਿਆ ਪਰ ਇਕ ਅੰਸਾਰੀ ਰਈਸ ਉਸੈਦ ਬਿਨ ਹਜ਼ੀਰ ਨੇ ਝੱਟ ਅਗਾਂਹ ਵਧੱਕੇ ਉਸ ਦੇ ਹੱਥ ਘੁੱਟ ਲਏ ਅਤੇ ਜੱਦ ਉਸਨੂੰ ਪਰਾਜਿਤ ਕਰ ਲਿਆ ਤਾਂ ਆਂਹਜ਼ਤ ਸਲਲੱਾਹੁ ਅਲੈਹਿ ਵਸਲਮ ਨੇ ਉਸ ਨੂੰ ਪੁੱਛਿਆ ਸੱਚ ਸੱਚ ਦੱਸੋ ਕਿ ਤੁਸੀਂ ਕੌਣ ਹੋ ਅਤੇ ਕਿਸ ਇਰਾਦੇ ਨਾਲ ਆਏ ਹੋ ? ਜਿਸ'ਤੇ ਉਸਨੇ ਸਾਰੀ ਕਹਾਣੀ ਹੂਬਹੂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਸੁਣਾਈ ਅਤੇ ਇਹ ਵੀ ਦੱਸਿਆ ਕਿ ਅਬੂਸੁਫ਼ਯਾਨ ਨੇ ਉਸ ਤੋਂ ਐਨ੍ਹੇ ਪੁਰਸਕਾਰ ਦਾ ਵਦਾ ਵੀ ਕੀਤਾ ਸੀ । ਇਸ ਦੇ ਬਾਦ ਇਹ ਵਿਅਕਤੀ ਆਪਣੀ ਖ਼ੁਸ਼ੀ ਨਾਲ ਕੁਝ ਦਿਨ ਮਦੀਨੇ ਠਹਿਰਿਆ ਅਤੇ ਫਿਰ ਆਪਣੀ ਖ਼ੁਸ਼ੀ ਨਾਲ ਮੁਸਲਮਾਨ ਹੋ ਗਿਆ। ਅਬੂ ਸੁਫ਼ਯਾਨ ਦੀ ਇਸ ਖ਼ੂਨੀ ਸਾਜ਼ਸ਼ ਨੇ ਇਸ ਗੱਲ ਨੂੰ ਪਹਿਲਾਂ ਤੋਂ ਵੀ ਬਹੁਤਾ ਜ਼ਰੂਰੀ ਕਰ ਦਿਤੱਾ ਕਿ ਮੱਕੇ ਵਾਲਿਆਂ ਦੇ ਇਰਾਦੇ ਤੇ ਨੀਯਤ ਦੀ ਤਾੜਨਾ ਰੱਖੀ ਜਾਵੇ । ਇਸ ਕਰਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਦੇ ਸਬਬ ਆਪਣੇ ਦੋ ਸਹਾਬਾ ਉਮਰ ਬਿਨ ਉਮਯੱਾ ਜ਼ਮਰੀ ਅਤੇ ਸਲਮਾ ਬਿਨ ਅਸਲਮ ਨੂੰ ਮੱਕੇ ਵੱਲ ਭੇਜਿਆ ਅਤੇ ਫ਼ਰਮਾਇਆ ਕਿ ਅਬੂ ਸੁਫ਼ਯਾਨ ਦੀ ਇਸ ਕਾਤਲਾਨਾ ਸ਼ਾਜ਼ਸ਼ ਅਤੇ ਉਸ ਦੀਆਂ ਪਿਛਲੀਆਂ ਕੋਝੀਆਂ ਕਾਰਵਾਈਆਂ ਨੂੰ ਦੇਖਦਿਆਂ ਹੋਇਆਂ ਉਹਨਾ ਨੂੰ ਇਹ ਵੀ ਅਗਿਆ ਦੇ ਦਿੱਤੀ ਕਿ ਜੇਕਰ ਮੌਕਾ ਮਿਲੇ ਤਾਂ ਬੇਸ਼ਕ ਇਸਲਾਮ ਦੇ ਇਸ ਜੰਗੀ ਦੁਸ਼ਮਣ ਦਾ ਖ਼ਾਤਮਾ ਕਰ ਦੇਣ । ਪਰ ਜੱਦ ਉਮਯੱਾ ਅਤੇ ਸਲਮਾ ਮੱਕੇ ਪਹੁੰਚੇ ਤਾਂ ਕੁਰੈਸ਼ ਹੁਸ਼ਿਆਰ ਹੋ ਗਏ ਅਤੇ ਇਹ ਦੋਵੇ ਸਹਾਬੀ ਆਪਣੀ ਜਾਨ ਬਚਾਕੇ ਮਦੀਨੇ ਵੱਲ ਵਾਪਸ ਪਰਤ ਆਏ । ਰਸਤੇ ਵਿੱਚ ਇਹਨਾ ਨੂੰ ਕੁਰੈਸ਼ ਦੇ ਦੋ ਜਾਸੂਸ ਮਿਲ ਗਏ । ਜਿੰਨ੍ਹਾ ਨੂੰ ਮੱਕੇ ਦੇ ਕੁਰੈਸ਼ ਨੇ ਮੁਸਲਮਾਨਾ ਦੀਆਂ ਗਤੀਵਿਧੀਆਂ ਦਾ ਪਤਾ ਲਾਉਣ ਲਈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਹਾਲਾਤ ਦਾ ਪਤਾ ਲਾਉਣ ਲਈ ਭੇਜਿਆ ਸੀ । ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਇਹ ਵੀ ਕੋਈ ਹੈਰਾਨੀ ਨਹੀਂ ਕਿ ਇਹ ਵਿਉਂਤ ਵੀ ਕੁਰੈਸ਼ ਦੀ ਕੋਈ ਹੋਰ ਖ਼ੂਨੀ ਸਾਜ਼ਸ਼ ਦਾ ਹੱਥਕੰਡਾ ਹੋਵੇ । ਉਮਯੱਾ ਤੇ ਸਲਮਾ ਬਿਨ ਅਸਲਮ ਨੂੰ ਉਹਨਾ ਦੀ ਜਾਸੂਸੀ ਦਾ ਪਤਾ ਲੱਗ ਗਿਆ, ਜਿਸ'ਤੇ ਉਹਨਾਂ ਨੇ ਇਹਨਾ ਜਾਸੂਸਾਂ ਉਪੱਰ ਹਮਲਾ ਕਰਕੇ ਇਹਨਾ ਨੂੰ ਕੈਦ ਕਰ ਲੈਂਣਾ ਚਾਹਿਆ, ਪਰ ਉਹਨਾ ਨੇ ਸਾਹਮਣਿਓਂ ਮੁਕਾਬਲਾ ਕੀਤਾ । ਸੋ, ਇਸ ਲੜਾਈ ਵਿੱਚ ਇਕ ਜਾਸੂਸ ਤਾਂ ਮਾਰਿਆ ਗਿਆ ਅਤੇ ਦੂਜੇ ਨੂੰ ਕੈਦ ਕਰਕੇ ਉਹ ਆਪਣੇ ਨਾਲ ਮਦੀਨੇ ਲੈ ਆਏ । ਹਜ਼ਰਤ ਉਮੇ ਅਮਾਰਾਹ ਬਿਆਨ ਕਰਦੀ ਹਨ ਕਿ ਮੈਂ ਸੁਲਾਹ ਹੁਦੈਬੀਆਹ ਦੇ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਦੇਖ ਰਹੀ ਸੀ ਜੱਦ ਕਿ ਆਪ ਬੈਠੇ ਹੋਏ ਸਨ ਅਤੇ ਹਜ਼ਰਤ ਅਬਾਹ

ਬਿਨ ਬਿਸ਼ਰ ਅਤੇ ਹਜ਼ਰਤ ਸਲਮਾ ਬਿਨ ਅਸਲਮ ਦੋਹਾਂ ਨੇ ਲੋਹੇ ਦੇ ਕਵਚ ਪਾਏ ਹੋਏ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਖੜੇ ਪਹਿਰਾ ਦੇ ਰਹੇ ਸਨ । ਜੱਦ ਕੁਰੈਸ਼ ਦੇ ਦੂਤ ਸੁਹੇਲ ਬਿਨ ਉਮਰੋ ਨੇ ਆਪਣੀ ਅਵਾਜ਼ ਨੂੰ ਉਚੱਾ ਕੀਤਾ ਤਾਂ ਇਹਨਾ ਦੋਹਾਂ ਨੇ ਉਸ ਨੂੰ ਕਿਹਾ ਕਿ ਆਪਣੀ ਅਵਾਜ਼ ਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਸਾਹਣੇ ਧੀਮੇ ਰੱਖੋ । ਇਹ ਉਹਨਾ ਦੀ ਇਕ ਵਿਸ਼ੇਸ਼ ਸੇਵਾ ਦਾ ਵਰਨਣ ਹੈ ਜੋ ਇਸ ਮੌਕੇ ਉਹਨਾਂ ਨੇ ਕੀਤੀ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਉਕਬਾ ਬਿਨ ਉਸਮਾਨ ਹੈ । ਹਜ਼ਰਤ ਉਕਬਾ ਅਤੇ ਆਪਦੇ ਭਰਾ ਹਜ਼ਰਤ ਸਅਦ ਬਿਨ ਉਸਮਾਨ ਨੂੰ ਬਦਰ ਤੇ ਉਹਦ ਦੀ ਜੰਗ ਵਿੱਚ ਭਾਗ ਲੈਂਣ ਦਾ ਸੁਭਾਗ ਪ੍ਰਾਪਤ ਹੋਇਆ ਸੀ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਅਬਦੁਲੱਾਹ ਬਿਨ ਸਹਲ ਹੈ । ਆਪ ਹਜ਼ਰਤ ਰਾਫ਼ਿਅ ਬਿਨ ਸਹਲ ਦੇ ਭਰਾ ਸਨ । ਆਪ ਬਦਰ, ਉਹਦ ਤੇ ਖ਼ੰਦਕ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਖ਼ੰਦਕ ਦੀ ਜੰਗ ਵਿੱਚ ਸ਼ਹੀਦ ਹੋਏ । ਹਜ਼ਰਤ ਅਬਦੁਲੱਾਹ ਦਾ ਹਮਰਾਉਲ ਅਸਦ ਦੀ ਜੰਗ ਜੋ ਮਦੀਨਿ ਤੋਂ ਅੱਠ ਮੀਲ ਦੀ ਦੂਰੀ'ਤੇ ਇਕ ਅਸਥਾਨ ਹੈ ਇਸ ਵਿੱਚ ਸ਼ਾਮਲ ਹੋਣ ਦਾ ਵਰਨਣ ਵੀ ਸੀਰਾਤੁਨ ਨਬੀ ਸਲਲੱਾਹੁ ਅਲੈਹਿ ਵਸਲਮ ਦੀ ਕਿਤਾਬ 'ਸਬਲੁਲਹੁਦਾ' ਵਿੱਚ ਮਿਲਦਾ ਹੈ । ਉਹਦ ਦੀ ਜੰਗ ਵਿੱਚ ਆਪ ਅਤੇ ਆਪਦੇ ਭਾਈ ਬਹੁਤ ਜ਼ਖ਼ਮੀ ਹੋ ਗਏ ਸਨ । ਜੱਦ ਇਹਨਾ ਦੋਹਾਂ ਭਰਾਵਾਂ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਹਵਸਲਮ ਦੇ ਨਾਲ ਹਮਰਾਉਲ ਅਸਦ ਦੀ ਜੰਗ ਵਿੱਚ ਭਾਗ ਲੈਂਣ ਬਾਰੇ ਆਪ ਦਾ ਹੁਕਮ ਸੁਣਿਆ ਤਾਂ ਇਹਨਾ ਵਿੱਚ ਇਕ ਨੇ ਦੂਜੇ ਨੂੰ ਕਿਹਾ, ਬਖ਼ੁਦਾ ਜੇਕਰ ਅਸੀਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਜੰਗ ਵਿੱਚ ਸਾਮਲ ਨ ਹੋ ਸਕੇ ਤਾਂ ਇਹ ਇਕ ਬਹੁਤ ਵੱਡੀ ਮਹਿਰੂਮੀ ਹੋਵੇਗੀ । ਫਿਰ ਆਖਣ ਲੱਗੇ, ਬਖ਼ੁਦਾ ਸਾਡੇ ਕੋਲ ਤਾਂ ਕੋਈ ਸਵਾਰੀ ਵੀ ਨਹੀਂ ਹੈ ਜਿਸ'ਤੇ ਸਵਾਰ ਹੋਈਏ । ਹਜ਼ਰਤ ਅਬਦੁਲੱਾਹ ਨੇ ਕਿਹਾ ਕਿ ਆਓ ਮੇਰੇ ਨਾਲ ਅਸੀਂ ਪੈਦਲ ਹੀ ਚਲਦੇ ਹਾਂ । ਸੋ, ਉਹ ਦੋਵੇਂ ਡਿਗਦੇ ਢਹਿੰਦੇ ਚਲੱਣ ਲੱਗੇ। ਹਜ਼ਰਤ ਰਾਫ਼ਿਅ ਨੇ ਕਮਜ਼ੋਰੀ ਅਨੁਭਵ ਕੀਤੀ ਤਾਂ ਹਜ਼ਰਤ ਅਬਦੁਲੱਾਹ ਨੇ ਹਜ਼ਰਤ ਰਾਫ਼ਿਅ ਨੂੰ ਆਪਣੀ ਪਿੱਠ ਉਪੱਰ ਚੁੱਕ ਲਿਆ । ਇੱਥੋਂ ਤੱਕ ਕਿ ਇਸ਼ਾ ਦੇ ਸਮੇਂ ਉਹ ਦੋਵੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋ ਗਏ । ਇਸ ਰਾਤ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਪਹਿਰੇ ਉਪੱਰ ਹਜ਼ਰਤ ਅਬਾਦ ਬਿਨ ਬਿਸ਼ਰ ਨਿਯੁਕਤ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਦੋਹਾਂ ਨੂੰ ਪੁੱਛਿਆ ਕਿ ਕਿਹੜੀ ਚੀਜ਼ ਨੇ ਤੁਹਾਨੂੰ ਰੋਕੇ ਰੱਖਿਆ ਤਾਂ ਦੋਹਾਂ ਨੇ ਇਸ ਦਾ ਸਬਬ ਦੱਸਿਆ । ਇਸ'ਤੇ ਆਪ ਨੇ ਇਹਨਾ ਦੋਹਾਂ ਨੂੰ ਭਲੇ ਦੀਆ ਦੁਆਵਾਂ ਦਿੰਦਿਆਂ ਹੋਇਆ ਫ਼ਰਮਾਇਆ ਕਿ ਜੇਕਰ ਤੁਸੀਂ ਦੋਹਾਂ ਨੂੰ ਲੰਮੀ ਉਮਰ ਨਸੀਬ ਹੋਈ ਤਾਂ ਤੁਸੀਂ ਦੋਵੇਂ ਦੇਖੋਗੇ ਕਿ ਤੁਹਾਨੂੰ ਲੋਕਾਂ ਨੂੰ ਘੋੜੇ, ਖਚੱਰ ਤੇ ਊਠ ਸਵਾਰੀਆਂ ਦੇ ਰੂਪ ਵਿੱਚ ਨਸੀਬ ਹੋਣਗੇ । ਪਰ ਉਹ ਤੁਹਾਡੇ ਲਈ ਤੁਸੀਂ ਦੋਹਾਂ ਦੇ ਇਸ ਸਫ਼ਰ ਤੋਂ ਚੰਗੇ ਨਹੀਂ ਹੋਣਗੇ ਜੋ ਤੁਸੀਂ ਪੈਦਲ ਡਿਗੱਦੇ ਢਹਿੰਦਿਆਂ ਕੀਤਾ ਹੈ । ਇਸ ਦਾ ਪ੍ਰਤੀਫ਼ਲ ਤੇ ਬਰਕਤਾਂ ਬਹੁਤ ਅਧਿਕ ਹਨ ।

ਹਮਰਾਉਲ ਅਸਦ ਦੀ ਜੰਗ ਦਾ ਕਾਰਣ ਬਿਆਨ ਕਰਦਿਆਂ ਹੋਇਆਂ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ ਉਹਦ ਦੀ ਜੰਗ ਦੇ ਬਾਦ ਮਦੀਨਿ ਵਿੱਚ ਜੋ ਰਾਤ ਸੀ ਉਹ ਇਕ ਸਖ਼ਤ ਭਿਆਨਕ ਤੇ ਖ਼ੌਫ਼ ਵਾਲੀ ਰਾਤ ਸੀ ਕਿਉਂਕਿ ਬੇਸ਼ਕ ਦੇਖਣ ਨੂੰ ਮੱਕੇ ਦੇ ਕੁਰੈਸ਼ ਦੇ ਲਸ਼ਕਰ ਨੇ ਮੱਕੇ ਦਾ ਰਾਹ ਫੜ ਲਿਆ ਸੀ, ਇਹ ਸ਼ੰਕਾ ਸੀ ਕਿ ਇਕ ਕਰਮ ਮੁਸਲਮਾਨਾ ਨੂੰ ਗ਼ਾਫ਼ਲ ਕਰਨ ਦੀ ਨੀਯਤ ਨਾਲ ਨ ਹੋਵੇ । ਇਸ ਲਈ ਰਾਤ ਨੂੰ ਮਦੀਨਿ ਵਿੱਚ ਪਹਿਰੇ ਦਾ ਪ੍ਰਬੰਧ ਕੀਤਾ ਗਿਆ । ਵਿਸ਼ੇਸ਼ ਕਰਕੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਘਰ ਦਾ ਸਹਾਬਾ ਨੇ ਸਾਰੀ ਰਾਤ ਪਹਿਰਾ ਦਿਤੱਾ । ਸਵੇਰ ਹੋਈ ਤਾ ਪਤਾ ਲਗੱਾ ਕਿ ਇਹ ਸ਼ੰਕਾ ਕੇਵਲ ਖ਼ਿਆਲੀ ਨਹੀਂ ਸੀ ਕਿਉਂਕਿ ਫ਼ਜਰ ਦੀ

ਨਮਾਜ਼ ਤੋਂ ਪਹਿਲਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਸੂਚਨਾ ਪਹੁੰਚੀ ਕਿ ਕੁਰੈਸ਼ ਦੇ ਲਸ਼ਕਰ ਨੇ ਮਦੀਨੇ ਤੋਂ ਕੁਝ ਦੂਰੀ ਉਪੱਰ ਪੜਾਅ ਕੀਤਾ ਹੈ ਅਤੇ ਕੁਰੈਸ਼ ਦੇ ਰਈਸਾਂ ਵਿੱਚ ਇਹ ਸਰਗਰਮ ਬਹਿਸ ਜਾਰੀ ਹੈ ਕਿ ਇਸ ਜਿੱਤ ਨਾਲ ਲਾਭ ਚੁੱਕਦਿਆਂ ਹੋਇਆਂ ਕਿਉਂ ਨ ਮਦੀਨੇ ਉਪੱਰ ਹਮਲਾ ਕਰ ਦਿਤੱਾ ਜਾਏ । ਇਸ ਦੇ ਟਾਕਰੇ'ਤੇ ਕੁਝ ਇਹ ਵੀ ਕਹਿੰਦੇ ਸਨ ਕਿ ਤੁਹਾਨੂੰ ਇਕ ਜਿੱਤ ਪ੍ਰਾਪਤ ਹੋਈ ਹੈ ਇਸ ਨੂੰ ਗ਼ਨੀਮਤ ਜਾਣੋ ਅਤੇ ਮੱਕੇ ਪਰਤ ਚੱਲੋ, ਅਜਿਹਾ ਨ ਹੋਵੇ ਕਿ ਇਹ ਜਿੱਤ ਹਾਰ ਵਿੱਚ ਬਦਲ ਜਾਏ ਕਿਉਂਕਿ ਹੁਣ ਜੇਕਰ ਤੁਸੀਂ ਮਦੀਨੇ ਉਪੱਰ ਹਮਲਾ ਕਰੋਗੇ ਤਾਂ ਨਿਸ਼ਚੇ ਮੁਸਲਮਾਨ ਜਾਨ ਤੋੜਕੇ ਲੜਨਗੇ ਅਤੇ ਜੋ ਲੋਕ ਉਹਦ ਵਿੱਚ ਸ਼ਾਮਲ ਨਹੀਂ ਹੋਏ ਸਨ ਉਹ ਵੀ ਮੈਦਾਨ ਵਿੱਚ ਨਿਕਲ ਆਉਣਗੇ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਜੱਦ ਇਹਨ ਗਲੱਾਂ ਦੀ ਸੂਚਨਾ ਮਿਲੀ ਤਾਂ ਆਪਨੇ ਝੱਟ ਘੋਸ਼ਣਾ ਕੀਤੀ ਕਿ ਮੁਸਲਮਾਨ ਤਿਆਰ ਹੋ ਜਾਣ, ਪਰ ਨਾਲ ਹੀ ਇਹ ਆਦੇਸ਼ ਵੀ ਦਿਤੱਾ ਕਿ ਸਿਵਾਏ ਉਹਨਾਂ ਲੋਕਾਂ ਦੇ ਜੋ ਉਹਦ ਵਿੱਚ ਸ਼ਾਮਲ ਹੋਏ ਸਨ ਹੋਰ ਕੋਈ ਸਾਡੇ ਨਾਲ ਨ ਨਿਕਲੇ । ਅੱਠ ਮੀਲ ਦੀ ਦੂਰੀ ਤੈਅ ਕਰਕੇ ਆਪ ਸਲਲੱਾਹੁ ਅਲੈਹਿ ਵਸਲਮ ਹਮਰਾਉਲ ਅਸਦ ਪਹੁੰਚੇ ਜਿੱਥੇ ਦੋ ਮੁਸਲਮਾਨਾ ਦੀਆਂ ਲੋਥਾਂ ਮੈਦਾਨ ਵਿੱਚ ਪਈਆਂ ਉਹਨਾ ਨੂੰ ਮਿਲੀਆਂ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਹਨਾਂ ਸ਼ਹੀਦਾਂ ਨੂੰ ਇਕ ਕਬਰ ਪੁਟੱਕੇ ਉਸ ਵਿੱਚ ਇਕਠੱਾ ਹੀ ਦਫ਼ਨਾ ਦਿਤੱਾ । ਅਤੇ ਓਥੇ ਹੀ ਡੇਰਾ ਲਾ ਲਿਆ ਤੇ ਫ਼ਰਮਾਇਆ ਕਿ ਰਣਖੇਤਰ ਵਿੱਚ ਵੱਖ ਵੱਖ ਥਾਈ ਅੱਗ ਰੋਸ਼ਨ ਕਰ ਦਿੱਤੀ ਜਾਏ । ਸੋ, ਦੇਖਦਿਆਂ ਹੀ ਦੇਖਦਿਆਂ ਹਮਰਾਉਲ ਅਸਦ ਦੇ ਮੈਦਾਨ ਵਿੱਚ ਪੰਜ ਸੌ ਅਗੱਾਂ ਭੜਕਣ ਲੱਗ ਪਈਆਂ ਜੋ ਹਰ ਦੂਰੋਂ ਦੇਖਣ ਵਾਲੇ ਦੇ ਮਨ ਨੂੰ ਭੈਭੀਤ ਕਰਦੀਆਂ ਸਨ । ਇਸ ਮੌਕੇ ਕਬੀਲਾ ਖ਼ਜ਼ਾਆ ਦਾ ਇਕ ਮੁਸ਼ਰਕ ਰਈਸ ਮਾਬਦ ਨਾਂ ਦਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਆਪ ਨਾਲ ਉਹਦ ਵਿੱਚ ਕਤਲ ਹੋਇਆਂ ਬਾਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਆਪਣੇ ਮਾਰਗ'ਤੇ ਚੱਲ ਪਿਆ । ਦੂਜੇ ਦਿਨ ਜੱਦ ਉਹ ਰੋਹਾ ਸਥਾਨ ਉਪੱਰ ਜੋ ਮਦੀਨੇ ਤੋਂ ਚਾਲ੍ਹੀ ਮੀਲ ਦੀ ਦੂਰੀ'ਤੇ ਹੈ ਪਹੁੰਚਿਆ ਤਾਂ ਕੀ ਦੇਖਦਾ ਹੈ ਕਿ ਕੁਰੈਸ਼ ਦਾ ਲਸ਼ਕਰ ਓਥੇ ਡੇਰਾ ਲਈ ਬੈਠਾ ਹੈ ਅਤੇ ਮਦੀਨੇ ਵੱਲ ਜਾਣ ਦੀ ਤਿਆਰੀ ਹੋ ਰਹੀ ਹੈ । ਮਾਬਦ ਝੱਟ ਅਬੂ ਸੁਫ਼ਯਾਨ ਕੋਲ ਗਿਆ ਅਤੇ ਉਸ ਨੂੰ ਜਾਕੇ ਕਹਿਣ ਲਗੱਾ ਕਿ ਤੁਸੀਂ ਕੀ ਕਰਨ ਲੱਗੇ ਹੋ । ਰੱਬ ਦੀ ਸਹੁੰ ਮੈਂ ਤਾਂ ਹੁਣੇ ਹੀ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਲਸ਼ਕਰ ਨੂੰ ਹਮਰਾਉਲ ਅਸਦ ਵਿੱਚ ਛੱਡਿਆ ਹੈ ਅਤੇ ਅਜਿਹਾ ਰੁਹਬਦਾਰ ਲਸ਼ਕਰ ਮੈਂ ਕਦੇ ਨਹੀਂ ਦੇਖਿਆ ਅਤੇ ਉਹਦ ਦੀ ਅਸਫ਼ਲਤਾ ਦੀ ਸ਼ਰਮਿੰਦੀ ਵਿੱਚ ਐਨ੍ਹਾ ਜੋਸ਼ ਹੈ ਕਿ ਤੁਹਾਨੂੰ ਦੇਖਦਿਆਂ ਹੀ ਉਹ ਭਸਮ ਕਰ ਦੇਣਗੇ । ਅਬੂ ਸੁਫ਼ਯਾਨ ਅਤੇ ਉਸ ਦੇ ਸਾਥੀਆਂ ਉਪੱਰ ਮਾਬਦ ਦੀਆਂ ਇਹਨਾਂ ਗਲੱਾਂ ਦਾ ਅਜਿਹਾ ਰੁਹਬ ਪਿਆ ਕਿ ਉਹ ਮਦੀਨੇ ਵੱਲ ਪਰਤਨ ਦਾ ਨਿਸਚਾ ਛੱਡਕੇ ਝੱਟ ਮੱਕੇ ਵੱਲ ਰਵਾਨਾ ਹੋ ਗਏ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਕੁਰੈਸ਼ ਦੇ ਲਸ਼ਕਰ ਦੇ ਭੱਜ ਜਾਣ ਦੀ ਸੂਚਨਾ ਮਿਲੀ ਤਾਂ ਆਪਨੇ ਰੱਬ ਦਾ ਧਨਵਾਦ ਕੀਤਾ ਅਤੇ ਫ਼ਰਮਾਇਆ ਕਿ ਇਹ ਰੱਬ ਦਾ ਰੁਹਬ ਹੈ ਜੋ ਉਸ ਨੇ ਕਫ਼ੱਾਰ ਦੇ ਦਿਲਾਂ'ਤੇ ਕਰ ਦਿਤੱਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਜਿੰਨ੍ਹਾ ਅਗਲੇ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਅਤਬਾ ਬਿਨ ਰਬੀਆ ਹੈ । ਆਪ ਨੂੰ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ । ਅਲੱਾਮਾ ਇਬਨੇ ਹਜਰ ਅਸਕਲਾਨੀ ਬਿਆਨ ਕਰਦੇ ਹਨ ਕਿ ਯਰਮੂਕ ਦੀ ਜੰਗ ਵਿੱਚ ਸ਼ਾਮਲ ਹੋਣ ਵਾਲੇ ਅਮੀਰਾਂ ਵਿੱਚ ਇਕ ਨਾਂ ਅਤਬਾ ਬਿਨ ਰਬੀਆ ਮਿਲਦਾ ਹੈ । ਯਰਮੂਕ ਦੀ ਜੰਗ ਸਨ 12-13 ਹਿਜਰੀ ਵਿੱਚ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਖ਼ਾਲਿਦ ਬਿਨ ਵਲੀਦ ਦੀ ਸਰਦਾਰੀ ਵਿੱਚ ਰੋਮੀਆਂ ਨਾਲ ਲੜੀ ਗਈ । ਰੋਮੀਆਂ ਦੇ ਲਸ਼ਕਰ ਦੀ ਗਿਣਤੀ ਦੋ ਤੋਂ ਢਾਈ ਲੱਖ ਬਿਆਨ ਕੀਤੀ ਜਾਂਦੀ ਹੈ ਅਤੇ ਮੁਸਲਮਾਨ 37 ਤੋਂ 46 ਹਜ਼ਾਰ ਦੇ ਅੰਦਰ ਸਨ । ਇਸਲਾਮੀ ਲਸ਼ਕਰ ਵਿੱਚ ਲਗਭਗ ਇਕ ਹਜ਼ਾਰ ਅਜਿਹੇ ਬਜ਼ੁਰਗ ਸ਼ਾਮਲ ਸਨ ਜਿੰਨ੍ਹਾ ਨੇ ਰਸੂਲੁਲੱਾਹ

ਸਲਲੱਾਹੁ ਅਲੈਹਿ ਵਸਲਮ ਦਾ ਚਿਹਰਾ ਮੁਬਾਰਕ ਦੇਖਿਆ ਹੋਇਆ ਸੀ । ਸੋ, ਅਜਿਹੇ ਸਹਾਬਾ ਸਨ ਜੋ ਬਦਰ ਦੀ ਜੰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋ ਚੁਕੇ ਸਨ । ਦੋਹਾਂ ਦਲਾਂ ਵਿੱਚ ਬਹੁਤ ਰਕਤਵਾਹਕ ਜੰਗ ਹੋਈ । ਇਸੇ ਦੌਰਾਨ ਮਦੀਨੇ ਵਿੱਚ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਦੀ ਵਫ਼ਾਤ ਵੀ ਹੋ ਗਈ । ਪਰ ਖ਼ਾਲਿਦ ਬਿਨ ਵਲੀਦ ਨੇ ਲਸ਼ਕਰ ਵਿੱਚ ਇਹ ਖ਼ਬਰ ਫ਼ੈਲਣ ਨ ਦਿੱਤੀ । ਬਹਿਰਹਾਲ ਮੁਸਲਮਾਨ ਪੱਕੇ ਪੈਰ੍ਹੀਂ ਰਹੇ ਅਤੇ ਸ਼ਾਮ ਤੱਕ ਖ਼ੂਬ ਲੜਾਈ ਹੋਈ ਅਤੇ ਰੋਮੀ ਲਸ਼ਕਰ ਭਜੱਣਾ ਸ਼ੁਰੂ ਹੋ ਗਿਆ । ਇਸ ਜੰਗ ਵਿੱਚ ਇਕ ਲੱਖ ਤੋਂ ਵੱਧ ਰੋਮੀ ਫ਼ੌਜੀ ਹਲਾਕ ਹੋਏ ਅਤੇ ਕੁਲ ਤਿੰਨ ਹਜ਼ਾਰ ਮੁਸਲਮਾਨ ਇਸ ਜੰਗ ਵਿੱਚ ਸ਼ਹੀਦ ਹੋਏ । ਇਹਨਾਂ ਸ਼ਹੀਦਾ ਵਿੱਚ ਹਜ਼ਰਤ ਅਕਰਮਹ ਬਿਨ ਅਬੂਜਿਹਲ ਵੀ ਸਨ । ਯਰਮੂਕ ਦੀ ਫ਼ਤਹ ਦੇ ਬਾਦ ਇਸਲਾਮੀ ਫ਼ੌਜਾਂ ਪੂਰੇ ਦੇਸ਼ ਸ਼ਾਮ ਵਿੱਚ ਫੈਲ ਗਈਆਂ ਅਤੇ ਕੰਸਰੀਨ ਅੰਤਾਕੀਆ, ਜੋਮਾ, ਸਰਮੀਨ, ਤੇਜ਼ੀਨ, ਕੋਰਸ, ਤਿਲ ਅਜ਼ਾਜ਼, ਜ਼ਲੋਕ, ਰਬਾਨ ਆਦਿ ਅਸਥਾਨਾ ਉਪੱਰ ਅਸਾਨੀ ਨਾਲ ਜਿੱਤ ਪ੍ਰਾਪਤ ਕੀਤੀ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹੁਣ ਮੈਂ ਵਰਨਣ ਕਰਨਾ ਚਾਹੁੰਦਾ ਹਾਂ ਜੋ ਮੁਕਰੱਮਾ ਸਾਹਿਬਜ਼ਾਦੀ ਸਬੀਹਾ ਬੇਗ਼ਮ ਸਾਹਿਬਾ ਦਾ ਹੈ । ਆਪ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹ ਅਨਹੁ ਦੀ ਸਭ ਤੋਂ ਵੱਡੀ ਬੇਟੀ ਮੁਕਰੱਮਾ ਅਮਤੁਸ ਸਲਾਮ ਸਾਹਿਬਾ ਅਤੇ ਹਜ਼ਰਤ ਮਿਰਜ਼ਾ ਰਸ਼ੀਦ ਅਮਹਦ ਸਾਹਬ ਦੀ ਵੱਡੀ ਬੇਟੀ ਸਨ ਅਤੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਉਮੇ ਨਾਸਿਰ ਰਜ਼ੀ ਅਲੱਾਹ ਅਨਹਾ ਦੇ ਬੇਟੇ ਸਾਹਿਬਜ਼ਾਦਾ ਮਿਰਜ਼ਾ ਅਨਵਰ ਅਹਮਦ ਸਾਹਬ ਦੀ ਸੁਪਤਨੀ ਸਨ । 30 ਅਪ੍ਰੈਲ ਨੂੰ 90 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ । اناللّٰہواناالیہراجعون । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਰਿਸ਼ਤੇ ਤੋਂ ਉਹ ਮੇਰੀ ਮਾਮੀ ਵੀ ਸਨ । ਆਪ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦੀ ਸੁਪਤਨੀ ਹਜ਼ਰਤ ਸਯੱਦਾ ਆਸਫ਼ਾ ਬੇਗ਼ਮ ਸਾਹਿਬਾ ਦੀ ਵੱਡੀ ਭੈਣ ਸਨ । ਇਹਨਾ ਦੇ ਪੁਤੱਰ ਲਿਖੱਦੇ ਹਨ ਕਿ ਮੇਰੀ ਮਾਤਾ ਅਤਿਅੰਤ ਸਾਦਾ, ਗ਼ਰੀਬ ਪਰਵਰ ਅਤੇ ਹਰ ਕਿਸੇ ਦੇ ਦੁੱਖ ਸੁੱਖ ਵਿੱਚ ਕੰਮ ਆਉਣ ਵਾਲੀ ਸਨ । ਲੋੜਵੰਦਾਂ ਦਾ ਦਿਲ ਨਾਲ ਖ਼ਿਆਲ ਰਖੱਦੀ ਸਨ । ਆਪਣੇ ਮੁਲਾਜ਼ਮਾਂ ਨਾਲ ਵੀ ਬਹੁਤ ਚੰਗਾ ਵਰਤਾਉ ਕਰਦੀ ਸਨ । ਇਹਨਾਂ ਦੀਆਂ ਤਿਨੰ ਬੇਟੀਆਂ ਅਤੇ ਇਕ ਬੇਟਾ ਹੈ । ਅਲੱਾਹ ਤਆਲਾ ਇਹਨਾ ਦੀ ਸੰਤਾਨ ਨੂੰ ਵੀ ਆਪਣੀ ਮਾਤਾ ਦੀਆਂ ਨੇਕੀਆਂ ਅਪਨਾਉਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਆਪੋ ਵਿੱਚ ਵੀ ਪ੍ਰੇਮ ਤੇ ਸਨੇਹ ਨਾਲ ਰਹਿਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਹਮੇਸ਼ਾ ਖ਼ਿਲਾਫ਼ਤ ਨਾਲ ਸਲੰਗਤ ਰੱਖੇ । ਆਮੀਨ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 03.05.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131